# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਪੰਜਾਬ ਸਰਕਾਰ ਦੀਆਂ 9 ਸਾਲ ਦੀਆਂ ਪ੍ਰਾਪਤੀਆਂ ਸਬੰਧੀ ਕਿਤਾਬਚਾ ਤਿਕਸ਼ਨ ਸੂਦ ਵੱਲੋਂ ਰਲੀਜ਼

ਹੁਸ਼ਿਆਰਪੁਰ 27 ਸਤੰਬਰ ਪੰਜਾਬ ਸਰਕਾਰ ਵੱਲੋਂ ਪਿਛਲੇ 9 ਸਾਲਾਂ ਵਿੱਚ ਸੂਬੇ ਅੰਦਰ ਕੀਤੇ ਗਏ ਸਰਵ ਪੱਖੀ ਵਿਕਾਸ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣ ਲਈ ਬਣਾਏ ਗਏ ਕਿਤਾਬਚੇ ਨੂੰ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਨਗਰ ਨਿਗਮ ਦੇ ਅਕਾਲੀ ਭਾਜਪਾ ਕੋਂਸਲਰਾਂ ਦੀ ਮੀਟਿੰਗ ਦੋਰਾਨ ਰਲੀਜ਼ ਕੀਤਾ। ਇਸ ਮੋਕੇ ਤੇ ਉਹਨ੍ਹਾਂ ਨੇ ਸਮੂਹ ਕੋਂਸਲਰਾਂ ਨੂੰ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਵੱਲੋਂ ਪਿਛਲੇ 9 ਸਾਲਾ ਤੋਂ ਕੀਤੇ ਗਏ ਵਿਕਾਸ ਕਾਰਜਾਂ ਦੀ ਜਾਣਕਾਰੀ ਘਰ-ਘਰ ਵਿੱਚ ਪਹੁੰਚਾਉਣ ਲਈ ਇਸ ਕਿਤਾਬ ਨੂੰ ਆਪਣੇ ਆਪਣੇ ਵਾਰਡ ਦੇ ਲੋਕਾਂ ਨਾਲ ਤਾਲਮੇਲ ਕਰਕੇ ਵੰਡਿਆ ਜਾਵੇ ਤਾ ਜ਼ੋ ਨਗਰ ਨਿਗਮ ਦੇ ਸਮੂਹ ਨਿਵਾਸੀਆਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਪ੍ਰਾਪਤ ਹੋ ਸਕੇ।ਉਹਨ੍ਹਾਂ ਨੇ ਦਸਿੱਆ ਕਿ ਇਹ ਕਿਤਾਬ ਸਰਕਾਰ ਵੱਲੋਂ ਮੁਫਤ ਮੁਹੱਈਆ ਕਰਵਾਈ ਜਾ ਰਹੀ ਹੈ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਡਿਪਟੀ ਮੇਅਰ ਸ਼ੁਕਲਾ ਸ਼ਰਮਾ, ਉੁਪ ਚੇਅਰਮੇਨ ਮਾਰਕੀਟ ਕਮੇਟੀ ਵਿਜੇ ਪਠਾਨੀਆਂ, ਅਰਚਨਾ ਜੈਨ, ਵਿਨੋਦ ਪਰਮਾਰ, ਲਵਲੀ ਸ਼ਰਮਾ, ਅਸ਼ਵਨੀ ਗੈਦ, ਹਰੀ ਕ੍ਰਿਸ਼ਨ, ਮਨਜਿੰਦਰ ਸਿਆਨ, ਸਤੀਸ਼ ਬਾਵਾ, ਰਾਮਦੇਵ ਯਾਦਵ, ਅਤੇ ਅਕਾਲੀ ਭਾਜਪਾ ਕੋਂਸਲਰ ਇਸ ਮੋਕੇ ਤੇ ਹਾਜਰ ਸਨ।